ਅਫ਼ਸਰ ਜੇਲ ਦੇ ਬਾਹਰ ਇਕੱਠੇ ਹੋਣ ਲੱਗੇ। ਜਿਨਾ ਵਿਚ ਲਾਹੌਰ ਦੇ ਐਡੀਸ਼ਨਲ ਜ਼ਿਲਾ ਮੈਜਿਸਟ੍ਰੇਟ ਸ਼ੇਖ ਅਬਦੁਲ ਹਮੀਦ, ਰਾਏ ਸਾਹਿਬ ਲਾਲਾ ਨੱਥੂ ਰਾਮ, ਸਿਟੀ ਮੈਜਿਸਟ੍ਰੇਟ ਸੁਦਰਸ਼ਨ ਸਿੰਘ, ਡੀ.ਐਸ.ਪੀ. ਕਸੂਰ, ਅਮਰ ਸਿੰਘ ਡੀ.ਐਸ.ਪੀ. ਸਿਟੀ ਲਾਹੌਰ, ਜੇ.ਆਰ. ਮੌਰਿਸ ਡੀ.ਐਸ.ਪੀ. ਹੈਡਕੁਆਰਟਰ (ਲਾਹੌਰ) ਅਤੇ ਸੌ ਦੇ ਕਰੀਬ ਹਥਿਆਰਬੰਦ ਪੁਲੀਸ ਮੁਲਾਜ਼ਮ ਸਨ। ਗਵਰਨਰ ਦੇ ਤਾਜ਼ਾ ਹੁਕਮਾਂ ਕਾਰਨ ਉਹਨਾਂ ਦੇ ਮਨਾਂ ਵਿਚ ਵੀ ਤੇ ਪੁਲੀਸ ਕਰਮਚਾਰੀਆਂ ਨੂੰ ਆਪਣੀ ਸੁਰੱਖਿਆ ਦੀ ਚਿੰਤਾ ਸੀ। ਐਸ.ਪੀ. ਖਾਨ ਬਹਾਦਰ ਸ਼ੇਖ ਅਬਦੁਲ ਅਜੀਜ਼ ਜੋ ਪੜਤਾਲੀਆ ਅਫ਼ਸਰ ਸਨ ਉਹ ਕੁਝ ਦਿਨ ਪਹਿਲਾਂ ਹੋਏ ਹਮਲੇ ਵਿਚ ਗੋਲੀ ਲੱਗਣ ਕਾਰਨ ਜ਼ਖਮੀ ਹੋ ਗਏ ਸਨ ਪਰ ਬਚ ਗਏ ਸਨ। ਸਟਿਰ ਬਰਕਰ, ਰੋਬਰਡ ਹਾਰਡਿੰਗ, ਚੋਪੜਾ ਅਤੇ ਜੇਲ ਦੇ ਡਿਪਟੀ ਸੁਪਰਡੈਂਟ ਖਾਨ ਸਾਹਿਬ ਮੁਹੰਮਦ ਅਕਬਰ ਜੇਲ ਦੇ ਅੰਦਰ ਮੌਜੂਦ ਸਨ। ਉਨ੍ਹਾਂ ਨਵਾਂ ਪ੍ਰਬੰਧ ਕਰਕੇ ਲਾਹੌਰ ਦੇ ਨੇੜੇ ਸ਼ਾਹਦਰਾ ਤੋਂ ਜਲਾਦ ਮਸੀਹ ਨੂੰ ਬੁਲਾ ਲਿਆ ਗਿਆ ਸੀ। ਜਿਸ ਪਲ ਤਿੰਨਾਂ ਇਨਕਲਾਬੀਆਂ ਨੂੰ ਉਨਾਂ ਦੇ ਸੈਲਾਂ 'ਚੋਂ ਬਾਹਰ ਕੱਢਿਆ ਗਿਆ ਤਾਂ ਉਹਨਾਂ 'ਇਨਕਲਾਬ ਜਿੰਦਾਬਾਦ ਦੇ ਨਾਹਰੇ ਲਗਾਏ' ਲਾਹੌਰ ਜ਼ਿਲੇ ਦੇ ਕਾਂਗਰਸ ਦੇ ਸਕੱਤਰ ਪਿੰਡੀ ਦਾਸ ਸੋਢੀ ਜਿਹੜੇ ਕੇਂਦਰੀ ਜੇਲ ਲਾਹੌਰ ਦੇ ਨੇੜੇ ਰਹਿੰਦੇ ਸਨ ਨੇ ਨਾਅਰਿਆਂ ਦੀ ਆਵਾਜ਼ ਸੁਣੀ। ਨਾਹਰੇ ਸੁਣ ਕੇ ਤਿੰਨੇ ਇਨਕਲਾਬੀ ਚੱਲ ਕੇ ਫੰਦੇ ਕੋਲ ਪਹੁੰਚੇ। ਜੇਲ ਦੇ ਦੂਸਰੇ ਕੈਦੀ ਉਹਨਾਂ ਦੇ ਨਾਅਰਿਆਂ ਵਿਚ ਸ਼ਾਮਲ ਹੋ ਗਏ।

ਡਿਪਟੀ ਕਮਿਸ਼ਨਰ ਏ.ਏ. ਲੇਨ ਰੋਬਰਟ ਜੋ ਕਿ 1909 ਦੇ ਬੈਚ ਦੇ ਆਈ.ਸੀ.ਐਸ. ਅਫਸਰ ਸਨ ਨੇ ਜਦੋ ਤਿੰਨਾ ਨੌਜਵਾਨਾਂ ਨੂੰ ਫੰਦੇ ਵਾਲੀ ਜਗਾ ਤੇ ਪਹੁੰਚੇ ਦੇਖਿਆ ਤਾਂ ਉਸ ਨੇ ਭਗਤ ਸਿੰਘ ਨੂੰ ਕਿਹਾ ਕਿ 'ਲੋਕ ਜਲਦੀ ਦੇਖਣਗੇ ਕਿ ਕਿੰਜ ਅਜ਼ਾਦੀ ਘੁਲਾਟੀਆਂ ਨੇ ਬਹਾਦਰੀ ਨਾਲ ਮੌਤ ਨੂੰ ਚੁੰਮਿਆ ਤਾਂ ਉਹ ਹਮੇਸ਼ਾ ਉਹਨਾ ਨੂੰ ਯਾਦ ਰੱਖਣਗੇ' ਤਿੰਨਾਂ ਇਨਕਲਾਬੀਆ ਨੇ ਮੂੰਹਾ ਤੇ ਕਾਲੇ ਨਕਾਬ ਪਾਉਣ ਤੋਂ ਇਨਕਾਰ ਕਰ ਦਿੱਤਾ ਤੇ ਭਗਤ ਸਿੰਘ ਨੇ ਨਕਾਬ ਜ਼ਿਲਾ ਮੈਜਿਸਟ੍ਰੇਟ ਉੱਪਰ ਸੁੱਟ ਦਿੱਤਾ। ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੇ ਅੰਤਮ ਬੋਲ ਸਨ 'ਸਾਮਰਾਜਵਾਦ ਮੁਰਦਾਬਾਦ'। ਮਸੀਹ ਨੇ ਲੀਵਰ ਖਿੱਚਿਆ ਸਭ ਤੋਂ ਪਹਿਲਾਂ ਭਗਤ ਸਿੰਘ ਹੇਠੋਂ ਫਿਰ ਰਾਜਗੁਰੂ ਤੇ ਸੁਖਦੇਵ ਹੇਠੋਂ ਫੱਟਾ ਖਿੱਚਿਆ ਗਿਆ।

ਲੈਫਟੀਨੈਂਟ ਕਰਨਲ ਜੇ.ਜੇ. ਹਾਰਪਰ ਨੈਲਸਨ ਜੋ ਕਿੰਗ ਐਡਵਰਡਜ਼ ਮੈਡੀਕਲ ਕਾਲਜ ਲਾਹੌਰ ਦੇ ਪ੍ਰਿੰਸੀਪਲ ਸਨ ਅਤੇ ਲੈਫਟੀਨੈਂਟ ਕਰਨਲ ਐਨ.ਐਸ. ਸੋਢੀ ਜੋ ਲਾਹੌਰ ਦੇ ਸਿਵਲ ਸਰਜਨ ਸਨ ਜੇਲ ਵਿਚ ਮੌਜੂਦ ਸਨ ਫਾਂਸੀ ਤੋਂ ਬਾਅਦ ਇਹਨਾਂ ਤਿੰਨਾਂ ਸ਼ਹੀਦਾਂ ਦੀ ਮੌਤ ਦੀ ਪੁਸ਼ਟੀ ਕੀਤੀ। ਜੇਲ ਦੇ ਬਾਹਰ ਭਾਰੀ ਭੀੜ ਜਮਾ ਹੋਣ ਲੱਗੀ। ਪਰ ਦੋ ਗੱਡੀਆਂ ਜਿਨਾਂ ਦੀ ਅਗਵਾਈ ਕਸੂਰ ਪੁਲੀਸ ਦੇ ਸੁਪਰਡੈਂਟ ਸੁਦਰਸ਼ਨ ਸਿੰਘ ਕਰ ਰਹੇ ਸਨ ਤੇ ਨਾਲ ਡੀ.ਐਸ.ਪੀ. ਅਮਰ ਸਿੰਘ ਸਨ ਅਤੇ ਤਿੰਨ ਟਰੱਕ ਸਿਪਾਹੀਆਂ ਦੇ ਸਨ ਰਾਤ ਦੇ 10 ਵਜੇ ਤਿੰਨਾਂ ਮ੍ਰਿਤਕ ਦੇਹਾਂ ਨੂੰ ਸੰਸਕਾਰ ਲਈ ਲੈ ਕੇ ਪੁੱਜੇ। ਸੁਦਰਸ਼ਨ ਸਿੰਘ ਨੇ ਗ੍ਰੰਥੀ ਨੱਥਾ ਸਿੰਘ, ਪੁਜਾਰੀ ਜਗਦੀਸ਼ ਅਚਰਾਜ, ਕਸੂਰ ਤੋਂ ਲੈ ਲਏ ਸਨ। ਰਾਤ ਨੂੰ ਗੰਡਾ ਸਿੰਘ ਵਾਲਾ ਪਿੰਡ ਦੇ ਬਾਹਰਵਾਰ ਤਿੰਨਾਂ ਲਾਸ਼ਾਂ ਨੂੰ ਅੱਗ ਦੇ ਸਪੁਰਦ ਕਰ ਦਿੱਤਾ। ਫਿਰੋਜ਼ਪੁਰ ਸਮੇਤ ਜਦੋਂ ਵੱਖ-ਵੱਖ ਦਿਸ਼ਾਵਾਂ ਤੋਂ ਲੋਕ ਪਹੁੰਚੇ ਤਾਂ ਦੇਹਾਂ ਸੜ ਰਹੀਆਂ ਸਨ।

ਭਗਤ ਸਿੰਘ, ਰਾਜਗੁਰੂ, ਸੁਖਦੇਵ ਸਿੰਘ ਦੇ ਚਾਰ ਸਾਥੀਆਂ ਹੰਸ ਰਾਜ ਵੋਹਰਾ, ਜੈਗੋਪਾਲ, ਫੋਨਿੰਦਰਾ ਨਾਥ ਘੋਸ ਅਤੇ ਮਨਮੋਹਨ ਬੈਨਰਜੀ ਨੇ ਸਰਕਾਰੀ ਗਵਾਹ ਬਣ ਕੇ ਮੁਕੱਦਮੇ ਵਿੱਚ ਭਗਤ ਸਿੰਘ ਹੋਰਾਂ ਖਿਲਾਫ ਗਵਾਹੀਆਂ ਦਿੱਤੀਆਂ। ਪੰਜਾਬ ਪੁਲੀਸ ਵੱਲੋਂ ਪੇਸ਼ ਕੀਤੇ ਗਏ 457 ਗਵਾਹਾਂ ਵਿਚੋਂ ਇਹ ਵੀ ਸਨ। ਇਨਾਂ ਗਵਾਹਾਂ ਵਿਚ ਪੰਜਾਬ ਦੇ ਪ੍ਰਸਿੱਧ ਲੇਖਕ ਖੁਸ਼ਵੰਤ ਸਿੰਘ ਦੇ ਪਿਤਾ ਸ. ਸਰ ਸੋਭਾ ਸਿੰਘ ਵੀ ਸ਼ਾਮਲ ਸਨ। ਜਿਨਾਂ ਨੂੰ ਇਸ ਗਵਾਹੀ ਬਦਲੇ ਅੰਗਰੇਜਾ ਨੇ ਦਿੱਲੀ ਵਿਖੇ ਪਲਾਟ ਦਿੱਤਾ ਗਿਆ। ਪੰਜਾਬ ਦੇ ਫਿਰੋਜਪੁਰ ਜਿਲ੍ਹੇ ਦੇ ਗਵਾਹ ਅਜੈਬ ਸਿੰਘ ਸਨ। ਜਿਨ੍ਹਾ ਦਾ ਇਕ ਮੈਂਬਰ ਪੰਜਾਬ ਪੁਲੀਸ ਵਿਚ ਐਸ.ਪੀ. ਰਿਹਾ ਸੀ। ਫਾਂਸ਼ੀ ਉਪਰੰਤ ਸਭ ਨੂੰ ਹੀ ਸਨਮਾਨਤ ਕੀਤਾ ਗਿਆ। ਵੋਹਰਾ ਨੇ ਇਨਾਮ ਲੈਣ ਤੋਂ ਇਨਕਾਰ ਕਰ ਦਿੱਤਾ ਤੇ ਬਦਲੇ ਵਿਚ ਉਸਨੂੰ ਪ੍ਰੈਸਟੀਜੀਅਸ ਲੰਡਨ ਸਕੂਲ ਆਫ ਇਕਨੋਮਿਕਸ ਵਿਚ ਪੜਣ ਲਈ ਭੇਜਿਆ ਗਿਆ। ਰਾਜਨੀਤੀ ਸ਼ਾਸ਼ਤਰ ਵਿਚ ਮਾਸਟਰ ਦੀ ਡਿਗਰੀ ਪ੍ਰਾਪਤ ਕਰਨ ਉਪਰੰਤ ਵੋਹਰਾ ਨੇ ਲੰਡਨ ਯੂਨੀਵਰਸਿਟੀ ਤੋਂ ਜਰਨਾਲਿਜਮ ਵਿਚ ਲੰਡਨ ਤੋਂ ਡਿਗਰੀ ਪ੍ਰਾਪਤ ਕੀਤੀ ਅਤੇ ਸਿਵਲ ਅਤੇ ਮਿਲਟਰੀ ਗਜਟ ਆਫ਼ ਲਾਹੌਰ ਵਿੱਚ 1948 ਤੱਕ ਕੰਮ ਕੀਤਾ। ਪਿਛੋਂ ਉਹ ਅਮਰੀਕਾ ਦੇ ਸ਼ਹਿਰ ਵਾਸ਼ਿਗਟਨ ਚਲਾ ਗਿਆ। ਪੰਜਾਹ-ਸੱਠ ਦੇ ਦਹਾਕੇ ਦੌਰਾਨ ਵਾਸ਼ਿਗਟਨ ਤੋਂ ਇੰਡੀਅਨ ਡੇਲੀ ਪੱਤਰਕਾ ਦਾ ਪੱਤਰਕਾਰ ਰਿਹਾ ਤੇ 1990 ਦੇ ਮੱਧ ਵਿਚ ਅਮਰੀਕਾ ਵਿਚ ਉਸ ਦੀ ਮੌਤ ਹੋ ਗਈ। ਅੰਗਰੇਜ਼ ਸਰਕਾਰ ਦੀ ਵਫ਼ਾਦਾਰੀ ਬਦਲੇ ਜੈ ਗੋਪਾਲ ਨੂੰ ਵੀਹ ਹਜ਼ਾਰ ਰੁਪਏ ਦਾ ਇਨਾਮ ਮਿਲਿਆ। ਫੋਨਿੰਦਰਾ ਨਾਥ ਘੋਸ ਅਤੇ ਮਨਮੋਹਨ ਬੈਨਰਜੀ ਨੂੰ ਬਿਹਾਰ ਦੇ ਜ਼ਿਲਾ ਚੰਪਾਰਨ ਵਿੱਚ ਪੰਜਾਹ-ਪੰਜਾਹ ਏਕੜ ਜ਼ਮੀਨ ਮਿਲੀ, ਜਿਹੜਾ ਕਿ ਉਨਾਂ ਦਾ ਜ਼ਿਲ੍ਹਾ ਸੀ।

ਫਾਂਸੀ ਤੋਂ ਦੋ ਦਿਨ ਬਾਅਦ ਉਸ ਸਮੇਂ ਦੇ ਜੇਲ ਅਫ਼ਸਰ ਪੀ.ਡੀ. ਚੋਪੜਾ ਨੂੰ ਤਰੱਕੀ ਦੇ ਕੇ ਜੇਲਾਂ ਦਾ ਪੰਜਾਬ ਦਾ ਡੀ.ਆਈ.ਜੀ. ਬਣਾ ਦਿੱਤਾ ਗਿਆ। ਜੇਲ ਦੇ ਡਿਪਟੀ ਸੁਪਰਡੈਂਟ ਖਾਨ ਸਾਹਿਬ ਮੁਹੰਮਦ ਅਕਬਰ ਖਾਨ ਜਿਨ੍ਹਾਂ ਭਗਤ ਸਿੰਘ ਦੀ ਫਾਂਸ਼ੀ ਉਪਰੰਤ ਰੋਣਾ ਸ਼ੁਰੂ ਕਰ ਦਿੱਤਾ ਸੀ ਉਸ ਦੇ ਦੋ ਸਾਥੀਆਂ ਸਮੇਤ ਮੁਅੱਤਲ ਕਰ ਦਿੱਤਾ ਗਿਆ ਪਰ ਜਲਦੀ ਹੀ ਫੈਸਲਾ ਵਾਪਸ ਲੈ ਕੇ ਸਹਾਇਕ ਜੇਲ ਸੁਪਰਡੈਂਟ ਨਿਯੁਕਤ ਕਰ ਦਿੱਤਾ ਗਿਆ। ਉਸ ਦਾ ਖਾਨ ਬਹਾਦਰ ਦਾ ਖਿਤਾਬ 27 ਮਾਰਚ 1931 ਨੂੰ ਵਾਪਸ ਲੈ ਲਿਆ ਗਿਆ ਸੀ।

ਪੰਜਾਬ ਦੇ ਜੇਲਾਂ ਦੇ ਆਈ.ਜੀ. ਲੈਫਟੀਨੈਂਟ ਕਰਨਲ ਐਫ.ਏ. ਬਰਕਰ ਨੂੰ ਸਰ ਨਾਈਟ ਹੁੱਡ ਦੀ ਉਪਾਧੀ ਨਾਲ ਸਨਮਾਨਤ ਕੀਤਾ ਗਿਆ। ਲਾਹੌਰ ਸਾਜ਼ਿਸ਼ ਕੇਸ ਦੇ ਪੜਤਾਲੀਆ ਅਫ਼ਸਰ ਖਾਨ ਬਹਾਦਰ ਅਬਦੁਲ ਅਜੀਜ (ਐਸ.ਪੀ.) ਨੂੰ ਆਊਟ ਆਫ਼ ਟਰਨ ਜਾ ਕੇ ਤਿੰਨ ਸਾਲ ਬਾਅਦ ਡੀ.ਆਈ.ਜੀ. ਬਣਾਇਆ ਗਿਆ ਉਹ ਅੰਗਰੇਜ਼ ਸਾਸ਼ਨ ਦੇ 200 ਸਾਲਾਂ ਦੇ ਇਤਿਹਾਸ ਦੀ ਉਦਾਹਰਨ ਹੈ ਜੋ ਸਿਪਾਹੀ ਦੇ ਤੌਰ ਤੇ ਭਰਤੀ ਹੋ ਕੇ ਡੀ.ਆਈ.ਜੀ. ਰਿਟਾਇਰ ਹੋਇਆ।

ਖਾਨ ਬਹਾਦਰ ਸ਼ੇਖ ਅਬਦੁਲ ਅਜੀਜ ਦੇ ਵੱਡੇ ਪੁੱਤਰ ਮਸੂਦ ਅਜੀਜ ਨੂੰ ਪੰਜਾਬ ਪੁਲੀਸ ਵਿਚ ਨਵੰਬਰ 1931 ਵਿਚ ਸਿੱਧਾ ਡੀ.ਐਸ.ਪੀ. ਭਰਤੀ ਕੀਤਾ ਗਿਆ। ਖਾਨ ਬਹਾਦਰ ਨੂੰ ਲਾਇਲਪੁਰ ਜ਼ਿਲੇ ਵਿਚ ਪੰਜਾਹ ਏਕੜ ਜ਼ਮੀਨ ਦਿੱਤੀ ਗਈ। ਡੀ.ਐਸ.ਪੀ. ਸੁਦਰਸ਼ਨ ਸਿੰਘ ਨੂੰ ਸ਼ਹੀਦਾਂ ਦੇ ਮ੍ਰਿਤਕ ਸਰੀਰਾਂ ਨੂੰ ਕਿਮਟਣ ਦੇ ਸਨਮਾਨ ਵਜੋਂ ਆਊਟ ਆਫ਼ ਟਰਨ ਜਾ ਕੇ ਕਸੂਰ ਦਾ ਐਡੀਸ਼ਨਲ ਐਸ.ਪੀ. ਲਗਾਇਆ ਗਿਆ। 1942 ਵਿਚ ਉਹ ਕਸੂਰ ਦੇ ਐਸ.ਪੀ. ਵਜੋਂ ਸੇਵਾ ਮੁਕਤ ਹੋਇਆ¢ ਰਾਏ ਸਾਹਿਬ ਪੰਡਤ ਸ੍ਰੀ ਕ੍ਰਿਸ਼ਨਾ ਪੀ.ਸੀ.ਐਸ. ਜੋ ਮ੍ਰਿਤਕ ਦੇਹਾ ਦੇ ਸੰਸਕਾਰ ਸਮੇਂ ਕਸੂਰ ਦਾ ਐਸ.ਡੀ.ਐਮ. ਸੀ, ਨੂੰ ਪੰਜਾਬ ਸਰਕਾਰ ਵੱਲੋਂ ਪ੍ਰਸੰਸ਼ਾ ਪੱਤਰ ਦਿੱਤਾ ਗਿਆ। ਬਟਾਲੇ ਦੇ ਜੰਮਪਲ ਸ਼ੇਖ ਅਬਦੁਲ ਹਮੀਦ ਪੀ.ਸੀ.ਐਸ. ਐਡੀਸ਼ਨਲ ਡਿਪਟੀ ਕਮਿਸ਼ਨਰ ਲਾਹੌਰ ਅਤੇ ਅਟਕ ਦੇ ਜੰਮਪਲ ਲਾਲਾ ਨੱਥੂ ਰਾਮ ਪੀ.ਸੀ.ਐਸ. ਸਿਟੀ ਮੈਜਿਸਟ੍ਰੇਟ ਸਮੇਤ ਜ਼ਿਲਾ ਮੈਜਿਸਟ੍ਰੇਟ ਏ.ਏ. ਲੇਨ ਰੋਬਰਟ ਆਈ.ਸੀ. ਐਸ. ਨੂੰ ਵੀ ਗਵਰਨਰ ਵੱਲੋਂ ਪ੍ਰਸੰਸ਼ਾ ਪੱਤਰ ਦਿੱਤੇ ਗਏ।

ਜੀ.ਟੀ. ਹਮਿਲਟਨ ਹਾਰਡਿੰਗ, ਐਸ.ਐਸ.ਪੀ. ਲਾਹੌਰ, ਅਮਰ ਸਿੰਘ ਡੀ.ਐਸ.ਪੀ., ਜੇ.ਆਰ. ਮੌਰਿਸ ਡੀ.ਐਸ.ਪੀ., ਕਿੰਗਜ ਪੁਲਿਸ ਮੈਡਲ ਦਿੱਤੇ ਗਏ। ਸ਼ਹੀਦ ਭਗਤ ਸਿੰਘ ਦੁਆਰਾ ਆਪਣੇ ਵਕੀਲ ਪ੍ਰਾਣ ਨਾਥ ਮਹਿਤਾ ਰਾਹੀਂ ਫਾਂਸੀ ਵਾਲੇ ਦਿਨ ਜੋ ਹੱਥ ਲਿਖਤ ਚਾਰ ਸਫ਼ੇ ਜੇਲ ਤੋਂ ਬਾਹਰ ਭੇਜੇ ਸਨ ਉਹ ਭਗਤ ਸਿੰਘ ਦੇ ਸਾਥੀ ਬਿਜੋਏ ਕੁਮਾਰ ਸਿਨਹਾ ਜਿਸਨੂੰ ਉਮਰ ਕੈਦ ਹੋਈ ਸੀ, ਜਲੰਧਰ ਵਿਖੇ ਉਸਦੇ ਮਿੱਤਰ ਦੇ ਘਰ ਭੇਜੇ ਸਨ। ਉਹ ਮਿੱਤਰ 1942 ਨੂੰ ਭਾਰਤ ਛੱਡੋ ਅੰਦੋਲਨ ਦੌਰਾਨ ਪੁਲੀਸ ਛਾਪੇ ਤੋਂ ਡਰ ਗਿਆ ਤੇ ਡਰ ਕਾਰਨ ਉਸ ਨੇ ਇਹ ਕਾਗਜ਼ ਸਾੜ ਦਿੱਤੇ¢ ਬਿਜੋਏ ਪਟਨਾ ਵਿਖੇ 16 ਜੁਲਾਈ 1992 ਨੂੰ ਮਰ ਗਿਆ। ਉਨਾਂ ਕਾਗਜ਼ਾਂ ਦੇ ਸਾਰ ਅੰਸ਼ ਉਨ੍ਹਾਂ ਇਕ ਸੈਮੀਨਾਰ ਵਿਚ ਵੀ ਦੱਸੇ ਕਿ ਭਗਤ ਸਿੰਘ ਨੇ ਆਪਣੀ ਮੌਤ ਤੋਂ ਇਕ ਦਿਨ ਪਹਿਲਾਂ ਭਵਿੱਖਬਾਣੀ ਕਰ ਦਿੱਤੀ ਸੀ ਕਿ ਅੰਗਰੇਜ਼ ਆਉਂਦੇ 14-15 ਸਾਲਾਂ ਤੱਕ ਭਾਰਤ ਛੱਡ ਜਾਣਗੇ।

"ਤੇ ਮੇਰੇ ਲੋਗੋ ਇੰਜ ਗੋਰੇ ਭਾਰਤ ਛੱਡ ਗਏ... ਉਨਾਂ ਦੀ ਜਗਾ ਤੇ ਗਾਂਧੀ ਟੋਪੀ ਵਾਲੇ ਕਾਲੇ ਬੂਥਿਆਂ ਵਾਲੇ ਲੰਗੂਰ ਆ ਗਏ ਜੋ ਹੁਣ ਆਏ ਦਿਨ ਸਾਡੇ ਸਬਰ ਸਿਰੜ ਦੇ ਜ਼ਖ਼ਮਾਂ ਤੇ ਆਏ ਅੰਗੂਰ ਨੂੰ ਨੋਚ ਰਹੇ ਹਨ। ਪਰ ਇਹ ਕੀ? ਬਾਬਾ ਗਰਜਵੀ ਤੇ ਭਰੇ ਮਨ ਨਾਲ ਗਰਜਦੀ ਅਵਾਜ ਨਾਲ ਮੰਚ ਤੇ ਛਟਪਟਾਉਂਦਾ ਏ। ਇਹ ਤਾਂ ਮੇਰੇ ਪੁੱਤਰਾਂ ਨੇ ਕਦੇ ਸੋਚਿਆ ਹੀ ਨਹੀਂ ਸੀ। ਏਧਰ ਤੇ ਉਧਰ ਦੇ ਟੋਡੀ ਪੱਖੀ ਹੁਕਮਰਾਨ ਜਸ਼ਨ ਮਨਾ ਰਹੇ ਸਨ ਤੇ ਏਧਰ ਧਰਮਾਂ ਦੀ ਫਿਰਕਾਪ੍ਰਸਤੀ ਨਾਲ ਲੋਕਾਂ ਦੇ ਆਹੂ ਲਹਿ ਰਹੇ ਸਨ। ਏਧਰੋਂ ਨਿਰਦੋਸ਼ ਮੁਸਲਮਾਨ ਭਜਾਏ ਜਾ ਰਹੇ ਸਨ। ਮਾਰੇ ਜਾ ਰਹੇ ਸਨ। ਤੇ ਉਧਰੋਂ ਹਿੰਦੂ ਸਿੱਖ ਭਜਾ ਭਜਾ ਕੇ ਮਾਰੇ ਜਾ ਰਹੇ ਸਨ। ਗੱਲ ਕੀ ਸਧਾਰਨ ਲੋਕ ਭਜਾਏ ਜਾ ਰਹੇ ਸਨ ਕਤਲ ਕੀਤੇ ਜਾ ਰਹੇ ਸਨ¢ ਖੂਨ ਨਾਲ ਗੜੁੱਚ ਰੇਲ ਗੱਡੀਆਂ ਸਟੇਸ਼ਨਾਂ ਤੇ ਰੁਕ ਰਹੀਆਂ ਸਨ। ਕੋਈ ਉੱਤਰ ਨਹੀਂ ਸੀ ਰਿਹਾ ਕਿਉਂਕਿ ਸਭ ਲਾਸ਼ਾ ਹੋ ਚੁੱਕੇ ਸਨ। ਮੇਰੇ ਲੋਗੋ ! ਇਹਨਾਂ ਲੋਕਾਂ ਦਾ ਕੀ ਕਸੂਰ ਸੀ? ਐ ਮੇਰੇ ਲੋਗੋ ਜੇ ਇਕ ਨੂੰ ਜੇ ਪੰਜ ਸਿਫਰਾਂ ਲਾਈਏ ਤਾਂ ਲੱਖ ਦੀ ਗਿਣਤੀ ਬਣਦੀ ਹੈ। ਪਰ ਛੇ ਸਿਫਰਾਂ ਲਗਾਈਏ ਤਾਂ ਦੱਸ ਲੱਖ ਬਣਦਾ ਏ। ਮੇਰੇ ਦੋਹਾਂ ਪੰਜਾਬਾਂ ਦੇ ਦਸ ਲੱਖ ਲੋਕਾਂ ਦਾ ਇਸ ਅਖੌਤੀ ਅਜ਼ਾਦੀ ਨੇ ਸ਼ਿਕਾਰ ਕੀਤਾ। ਇਕ ਕਰੋੜ 75 ਲੱਖ ਏਧਰੋਂ ਤੇ ਏਨੇ ਹੀ ਲੋਕ ਉਧਰੋਂ ਉੱਜੜ ਕੇ ਆਏ। ਇਹ ਮੈਂ ਸਵਾਲ ਤੁਹਾਡੀਆਂ ਜ਼ਮੀਰਾਂ ਤੇ ਛੱਡਦਾ ਹਾਂ। ਦਿਲ ਤੇ ਹੱਥ ਰੱਖ ਕੇ ਸੋਚਿਓ ਕਿ ਅਜ਼ਾਦੀ ਐਹੋ ਜਿਹੀ ਹੁੰਦੀ ਏ? ਅੱਜ ਹੁਕਮਰਾਨ ਇਸ ਦਿਨ ਤੇ ਸਕੂਲਾਂ-ਕਾਲਜਾਂ ਦੇ ਬੱਚਿਆਂ ਨੂੰ, ਅਧਿਆਪਕਾਂ ਨੂੰ ਮਜਬੂਰ ਕਰਕੇ ਕਹਿੰਦੇ ਹਨ ਕਿ ਜੇ ਨੌਕਰੀ ਚਾਹੀਦੀ ਏ ਤਾਂ ਫਲਾਣੇ ਸਦਰ ਮੁਕਾਮ ਤੇ ਮੰਤਰੀ ਜੀ ਦੇ ਸਾਹਮਣੇ ਗਿੱਧੇ ਪਾਓ, ਭੰਗੜੇ ਪਾਓ ਤੇ ਨੱਚੋ। ਓਨਾ ਚਿਰ ਨੱਚੋ ਜਿਨਾ ਚਿਰ ਮੰਤਰੀ ਸਾਹਿਬਾਨ ਤੇ ਅਧਿਕਾਰੀਆਂ ਦੀ ਰੂਹ ਤ੍ਰਿਪਤ ਨਹੀਂ ਹੋ ਜਾਂਦੀ।

ਅੱਜ ਸਾਡੇ ਨਿੱਕੇ-ਨਿੱਕੇ ਬੱਚੇ, ਇੰਜ ਕਰਦੇ ਹਨ ਕਿਉਂਕਿ ਇਨਾਂ ਨੂੰ ਪਤਾ ਨਹੀਂ ਕਿ ਇਸ ਅਜ਼ਾਦੀ ਨੇ ਕਿੰਨੇ ਘਰ ਸਮਸ਼ਾਨਾਂ ਵਿਚ ਬਦਲ ਦਿੱਤੇ। ਮੇਰੇ ਲੋਗੋ ਉਨਾਂ ਨੂੰ ਇਹ ਕੌਣ ਦੱਸੇਗਾ? ਅੱਜ ਮੈਂ ਦੱਸ ਰਿਹਾ-ਜਦ ਮੇਰੇ ਹਾਣ ਦੀ ਪੀੜੀ ਤੁਰ ਜਾਵੇਗੀ ਤਾਂ ਸਾਡੇ ਬੱਚੇ ਤਾਂ ਪੰਦਰਾਂ ਅਗਸਤ ਨੂੰ ਮੌਜ ਮੇਲੇ ਵਾਲਾ ਦਿਨ ਸਮਝ ਕੇ ਭੁੱਲ ਜਾਣਗੇ। ਐ ਮੇਰੇ ਪਿਆਰੇ ਲੋਗੋ ਤੁਸੀਂ ਇਨਾਂ ਬੱਚਿਆਂ ਨੂੰ ਭੁੱਲਣ ਨਾ ਦੇਣਾ। ਉਨ੍ਹਾਂ ਨੂੰ ਦੱਸਣਾ ਕਿ ਇਹ ਭੰਗੜੇ ਪਾਉਣ ਦਾ ਦਿਨ ਨਹੀਂ ਸਗੋਂ ਮਾਤਮ ਮਨਾਉਣ ਦਾ ਦਿਨ ਏ। ਦੱਸ ਲੱਖ ਬੇਗੁਨਾਹ ਲੋਕਾਂ ਦੀ ਬੇਵਕਤੀ ਮੌਤ ਦਾ ਮਾਤਮ ਦਿਵਸ ਹੈ ਇਹ ਦਿਨ। ਹੁਣ ਭਗਤ ਸਿੰਘ ਦੀ ਗਾਥਾ ਨੂੰ ਅੱਗੇ ਕੌਣ ਤੋਰੇਗਾ? ਇਸ ਅਜ਼ਾਦੀ ਦੀ ਹਕੀਕਤ ਨੂੰ ਆਪਣੇ ਅਨੁਭਵਾਂ 'ਚ ਡੁਬੋ ਕੇ ਕੌਣ ਦੱਸੇਗਾ। ਯਾਦ ਕਰੋ ਜਦ ਗੁਰੂ ਗੋਬਿੰਦ ਸਿੰਘ ਜੀ ਦੇ ਪੰਥ ਨਾਲ ਮਸੰਦਾਂ ਨਾ ਗਦਾਰੀ ਕੀਤੀ ਸੀ ਤਾਂ ਉਹਨਾਂ ਉਹ ਜਿਉਂਦੇ ਸਾੜੇ ਸਨ। ਪਰ ਅਸੀਂ ਸੰਗਰਾਮ ਦੇ ਗਵਾਹਾਂ ਨੂੰ ਇਨਾਮ ਦਿੱਤੇ ਹਨ।

ਅੱਜ ਇਸ ਕਲਮ ਦੇ ਸ਼ਬਦ ਇਸ ਹਕੀਕਤ ਅੱਗੇ ਮਹਿਸੂਸ ਕਰਦੇ ਹਨ ਲੋਕ ਪੱਖੀ ਕਲਾ ਦੇ ਸੰਗਰਾਮ ਵਿੱਚ ਭਾਅ ਜੀ ਦੀ ਕਲਾ ਪ੍ਰੰਪਰਾਵਾ ਨਾਲ ਵੀ ਤੁਸਦੇ ਪ੍ਰਵਾਨ ਚੜਾਏ ਕਲਾਕਾਰਾ ਨੇ ਵੀ ਗਦਾਰੀ ਕੀਤੀ ਹੈ। ਕੀ ਭਗਤ ਸਿੰਘ ਅਤੇ ਭਾਅ ਜੀ ਦੀ ਸੋਚ ਅਤੇ ਕਲਾ ਦੇ ਗੱਦਾਰ ਮਸੰਦਾਂ ਵਾਲੀ ਸਜ਼ਾ ਦੇ ਹੱਕਦਾਰ ਨਹੀਂ? ਇਸ ਲੇਖ ਦੇ ਪਾਠਕੋ ਜਰਾ ਸੋਚ ਕੇ ਦੱਸਿਓ। ਇਹ ਭਗਤ ਸਿੰਘ ਦਾ ਛੋਟਾ ਭਰਾ ਗੁਰਸ਼ਰਨ ਭਾਅ ਜੀ ਇਹ ਸਵਾਲ ਲੈ ਕੇ ਅੱਜ ਵਰਗੀ ਸ਼ਾਮ ਦੀ ਲਾਲੀ 'ਚ ਚਹਿਕਦੇ ਸੂਰਜ ਵਾਂਗ ਅਸਤ ਹੋ ਗਏ ਹਨ। ਜਿਵੇਂ ਭਗਤ ਸਿੰਘ ਦੇ ਖਿਲਾਫ ਜੈ-ਗੋਪਾਲ ਵਰਗੇ ਸਾਥੀ ਹੀ ਉਸਦੇ ਖਿਲਾਫ ਵਾਅਦਾ ਮੁਆਫ ਗਵਾਹ ਬਣ ਗਏ ਸਨ। ਮੁਰੱਬਿਆਂ ਦੇ ਮਾਲਕ ਬਣ ਗਏ ਸਨ। ਇੰਗਲੈਂਡ ਵਿਚ ਪੜਾਈਆਂ ਕਰਨ ਚਲੇ ਗਏ ਸਨ। ਜਿਵੇਂ ਗਾਂਧੀ ਜਦ ਭਾਰਤ ਵਿਚ ਵਿਚਰਦਾ ਸੀ ਤਾਂ ਧੋਤੀ ਪਹਿਨ ਕੇ ਮਹਾਤਮਾ ਹੋਣ ਦਾ ਦਿਖਾਵਾ ਕਰਦਾ ਸੀ ਜਦ ਇੰਗਲੈਂਡ ਜਾਂਦਾ ਸੀ ਤਾਂ ਮਹਾਤਮਾ ਲਿਬਾਸ ਉਤਾਰ ਕੇ ਗਰਮ ਕੋਟ ਪਹਿਨ ਕੇ ਵਿਚਰਦਾ ਸੀ ਉਹ ਮੇਮਾ ਨਾਲ ਨਾਚ ਵੀ ਕਰਦਾ ਸੀ ਉਸ ਦੀ ਉਸ ਸਮੇਂ ਦੀ ਅਜਿਹੀ ਫੋਟੋ ਨੈੱਟ ਤੇ ਮੌਜੂਦ ਹੈ। ਉਸੇ ਤਰਾਂ ਅੱਜ ਗੁਰਸ਼ਰਨ ਭਾਅ ਜੀ ਦੀ ਵਿਚਾਰਧਾਰਾ ਦੇ ਹਾਮੀ ਹੋਣ ਦੀਆਂ ਅਨੇਕਾਂ ਨਾਟ-ਮੰਡਲੀਆਂ ਕਾਰਜ ਕਰ ਰਹੀਆਂ ਹਨ ਪਰ ਭਾਅ ਜੀ ਦੇ ਦੱਸੇ ਮਾਰਗ ਤੋਂ ਲਾਂਭੇ ਲਾਂਭੇ ਜਾਂਦੀਆਂ ਲੱਗ ਰਹੀਆ ਹਨ। ਜਦ ਉਹ ਮੰਚ ਤੇ ਵਿਚਰਦੀਆਂ ਹਨ ਤਾਂ ਇੰਜ ਪੇਸ਼ ਹੁੰਦੀਆਂ ਹਨ ਜਿਵੇਂ ਉਹ ਭਗਤ ਸਿੰਘ ਅਤੇ ਭਾਅ ਜੀ ਦੀ ਸੋਚ ਦਾ ਸਮਾਜ ਸਿਰਜੇ ਬਿਨਾਂ ਸਾਹ ਨਹੀਂ ਲੈਣਗੀਆਂ। ਪੇਸ਼ਕਾਰੀਆਂ ਤੇ ਦਰਸਕਾ ਦੀਆ ਤਾੜੀਆਂ ਦੀ ਗੜਗੜਾਹਟ ਵਿਚ ਜਦ ਉਹ ਮੰਚ ਤੋਂ ਉਤਰਦੀਆਂ ਹਨ ਤਾਂ ਵਿਅਕਤੀ ਵਿਸ਼ੇਸ਼ ਦੀ ਵਿਚਾਰਧਾਰਾ ਦਾ ਵਸਤਰ ਗਾਂਧੀ ਵੱਲੋਂ ਇਗਲੈਂਡ ਜਾ ਕੇ ਧੋਤੀ ਉਤਾਰ ਕੇ ਅੰਗਰੇਜ਼ੀ ਲਿਬਾਸ ਪਹਿਨਣ ਵਾਂਗ ਆਮ ਮਨੁੱਖ ਦੀਆਂ ਬਿਰਤੀਆਂ ਵਾਲਾ ਵਸਤਰ (ਇੰਗਲੈਂਡ ਜਾ ਕੇ ਕੋਟ ਪਹਿਨਣ ਵਾਂਗ) ਪਹਿਨ ਲੈਂਦੀਆਂ ਹਨ। ਭਗਤ ਸਿੰਘ ਤੇ ਭਾਅ ਜੀ ਦੀ ਸੋਚ ਅਵਾਜ਼ਾਂ ਮਾਰਦੀ ਏ। ਪਰ ਉਹ ਅਵਾਜ ਉਹਨਾਂ ਦੇ ਕੰਨਾਂ ਤੱਕ ਨਹੀਂ ਪਹੁੰਚੇਗੀ। ਕਈ ਨਾਟ ਮੰਡਲੀਆਂ ਦੇ ਪਾਤਰ ਤਾਂ ਭਾਅ ਜੀ ਦੀ ਸੋਚ ਨਾਲ ਵੀ ਨਾਟਕ ਖੇਡ ਜਾਂਦੇ ਹਨ। ਬਿਲਕੁਲ ਉਸੇ ਤਰ੍ਹਾਂ ਜਿਵੇਂ ਜੈ ਗੋਪਾਲ-ਹੰਸ ਰਾਜ ਵੋਹਰਾ, ਮਨਮੋਹਨ ਬੈਨਰਜੀ ਤੇ ਫਨਿੰਦਰ ਘੋਸ਼ ਵਰਗੇ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਸੋਚ ਨਾਲ ਨਾਟਕ ਖੇਡ ਗਏ ਸਨ। ਜਦ ਇਹ ਅੱਖਾਂ ਤੱਕਦੀਆਂ ਹਨ ਕਿ ਭਾਅ ਜੀ ਗੁਰਸ਼ਰਨ ਸਿੰਘ ਜੀ ਦੀ ਸੋਚ ਨੂੰ ਤਿਲਾਂਜਲੀ ਦੇ ਕੇ ਉਹ ਪਾਤਰ ਜਿਨਾ ਨੂੰ ਭਾਅ ਜੀ ਮਾਣ ਨਾਲ ਆਪਣਾ ਅਸੀਸ ਭਰਿਆ ਹੱਥ ਉਹਨਾਂ ਦੇ ਸਿਰ ਤੇ ਰੱਖਦੇ ਸਨ ਅੱਜ ਉਹੀ ਪਾਤਰ ਗਿੱਪੀ ਗਰੇਵਾਲ ਵਰਗੇ ਲੱਚਰ ਨਾਇਕਾਂ ਨਾਲ ਵੱਡੀ ਸਕਰੀਨ ਤੇ ਆਉਣ ਦੀਆਂ ਲਾਰਾਂ ਸੁੱਟਦੇ ਹੋਏ ਇਕ ਚਾਲੂ ਕਿਸਮ ਦੀ ਔਰਤ ਦਾ ਕਿਰਦਾਰ ਨਿਭਾ ਰਹੇ ਹਨ ਜੋ ਕਿਸੇ ਸਮੇਂ ਭਾਅ ਜੀ ਦੇ ਸਾਹਮਣੇ ਉਹ ਗਦਰੀ ਔਰਤ ਗੁਲਾਬ ਕੌਰ ਦਾ ਕਿਰਦਾਰ ਨਿਭਾ ਰਹੇ ਹੁੰਦੇ ਸਨ। ਇਹਨਾਂ 'ਚੋਂ ਬਹੁਤੇ ਕਲਾਕਾਰ ਚਾਚੀ ਚਾਰ ਸੋ ਵੀਹ ਵਰਗੀਆਂ ਲੱਚਰ ਟੈਲੀਫਿਲਮਾਂ ਵਿਚਲੇ ਚਾਲੂ ਕਿਸਮ ਦੇ ਕਲਾਕਾਰਾਂ ਦੀ ਸੰਗਤ ਵਿਚ ਹਲਕੀ ਕਿਸਮ ਦਾ ਕਿਰਦਾਰ ਨਿਭਾਅ ਰਹੇ ਹਨ ਜਦ ਕਿ ਕਦੇ ਉਹ ਭਾਅ ਜੀ ਦੇ ਸਾਹਮਣੇ 'ਬੇਗਮੋ ਦੀ ਧੀ' ਵਰਗੇ ਨਾਟਕਾਂ 'ਚ ਲੋਕ ਚੇਤਨਾ ਪ੍ਰਚਾਰ ਕਰਨ ਲਈ ਕਿਰਦਾਰ ਨਿਭਾ ਰਹੇ ਸਨ।

ਜਦੋਂ ਇਹਨਾ ਤੱਥਾਂ ਨੂੰ ਇਤਿਹਾਸਕ ਪ੍ਰੀਪੇਖ 'ਚ ਰੱਖ ਕੇ ਦੇਖਿਆ ਜਾਵੇਗਾ ਤਾਂ ਇਹ ਤੱਥ ਚਿੱਟੇ ਦਿਨ ਵਾਂਗ ਸਾਫ਼ ਹੋਵੇਗਾ ਕਿ 15 ਅਗਸਤ ਦੀ ਅਖੌਤੀ ਅਜ਼ਾਦੀ ਤੋਂ ਬਾਅਦ ਭਗਤ ਸਿੰਘ ਨੇ ਆਪਣੀ ਵਿਚਾਰ ਧਾਰਾ ਦੀ ਬਾਕੀ ਰਹਿੰਦੀ ਜਿੰਦਗੀ ਗੁਰਸ਼ਰਨ ਭਾਅ ਜੀ ਰਾਹੀ ਪੂਰੀ ਕੀਤੀ। ਵਜੂਦ ਗੁਰਸ਼ਰਨ ਭਾਅ ਜੀ ਦਾ ਸੀ ਪਰ ਵਿਚਾਰਧਾਰਾ ਭਗਤ ਸਿੰਘ ਦੀ ਸੀ। ਅਜੇ ਤਾਂ ਭਾਅ ਜੀ ਨੂੰ ਸਾਡੇ ਤੋਂ ਜੁਦਾ ਹੋਇਆ ਕੁਝ ਕੁ ਸਾਲ ਹੋਏ ਹਨ। ਉਨ੍ਹਾਂ ਦੀ ਆਵਾਜ਼ ਉਹਨਾਂ ਦਾ ਅਕਸ ਹਰ ਅੱਖ 'ਚ ਭਰਿਆ ਹੋਇਆ ਹੈ ਤੇ ਅੱਜ ਉਨ੍ਹਾਂ ਦੇ ਰੰਗ ਮੰਚ ਦੇ ਸਾਥੀ ਹੀ ਟੋਡੀਆ ਵੱਲੋਂ ਮਿਲੇ ਮੁਰੱਬਿਆਂ ਜਾਂ ਰਹਿਮੋ ਕਰਮ ਦੀ ਜੂਠੀ ਪੱਤਲ ਚੱਟਣ ਵਾਂਗ ਅੱਜ ਕੁਝ ਨਾਟ ਮੰਡਲੀਆ ਦੇ ਕਲਾਕਾਰ ਸਿਨਮੇ ਦੀ ਸਕਰੀਨ ਦੀ ਜੂਠੀ ਪੱਟਣ ਵਾਂਗ ਸਮਾਜ ਨੂੰ ਕੁਰਾਹੇ ਪਾਉਣ ਵਾਲੇ ਲੱਚਰ ਕਲਾਕਾਰਾਂ ਵੱਲੋਂ ਪਰੋਸੇ ਜਾ ਰਹੇ ਗੰਦ ਪਿਲ ਵਿਚ ਕਾਂਵਾਂ ਵਾਂਗ ਚੁੰਜਾਂ ਮਾਰ ਰਹੇ ਹਨ।

ਇਸ ਲੇਖ ਉਪਰ ਕੁਝ ਵਿਦਵਾਨਾ ਦਾ ਲੇਖਕਾਂ ਦਾ ਜਾਂ ਨਾਟ ਮੰਡਲੀਆਂ ਦੇ ਕਲਾਕਾਰਾ ਦਾ ਇਹ ਸਵਾਲ ਹੋਵੇਗਾ ਕਿ ਭਾਅ ਜੀ ਸਮੇਂ ਕੁਝ ਕਲਾਕਾਰ ਜੋ ਖੱਬੇ ਪੱਖੀ ਸੋਚ ਨਾਲ ਸਬੰਧਿਤ ਸਨ ਉਹ ਫਿਲਮਾਂ ਨਾਲ ਸਬੰਧਿਤ ਰਹੇ ਸਨ ਫਿਰ ਉਸਦੇ ਉਪਰ ਇਹ ਇਤਰਾਜ ਕਿਉਂ? ਉਸ ਸਮੇਂ ਬਲਰਾਜ ਸਾਹਨੀ, ਸਾਹਿਰ ਲੁਧਿਆਣਵੀ ਵਰਗੇ ਸ਼ਾਇਰ ਫਿਲਮੀ ਦੁਨੀਆ 'ਚ ਕਾਰਜਸ਼ੀਲ ਰਹੇ। ਇਹਨਾ ਸ਼ਖਸੀਅਤਾ ਨੇ ਫਿਲਮ ਉਦਯੋਗ ਨੂੰ ਅਪਣਾਇਆ ਕਿਉਂਕਿ ਉਹਨਾਂ ਦੀ ਇਸ ਸ਼ੁਰੂਆਤ ਸਮੇਂ ਪੰਜਾਬੀ ਨਾਟ ਕਲਾ ਨੇ ਪਿੰਡਾਂ 'ਚ ਪ੍ਰਵੇਸ਼ ਨਹੀ ਸੀ ਕੀਤਾ¢ ਭਾਅ ਜੀ ਦੇ ਆਪਣੇ ਵਿਚਾਰਾ ਅਨੁਸਾਰ ਜਦ ਉਹ ਪੰਜਾਬ ਦੇ ਇੱਕ ਪਿੰਡ ਵਿੱਚ ਨਾਟਕ ਖੇਡਣ ਲਈ ਜਗਾ ਦੀ ਚੋਣ ਕਰ ਰਹੇ ਸਨ ਤਾਂ ਇੱਕ ਪੌਡੂ ਨੇ ਕਿਹਾ ਸੀ "ਸਰਦਾਰਾ ਕੰਜਰਖਾਨਾ ਈ ਕਰਨਾ ਏ ਜਿਥੇ ਮਰਜੀ ਕਰ ਲਵੋ" ਕਿਉਂਕਿ ਉਸ ਸਮੇਂ ਦੌਰਾਨ ਨਾਟ ਕਲਾ ਨੂੰ ਇਸ ਦ੍ਰਿਸ਼ਟੀ ਨਾਲ ਦੇਖਿਆ ਜਾਂਦਾ ਸੀ।

ਪਿੰਡ ਵਿੱਚ ਰਾਸਧਾਰੀ ਕਾਰਜਸ਼ੀਲ ਸਨ ਉਹਨਾ ਦੀ ਪੇਸ਼ਕਾਰੀ ਸਿਰਫ ਮਨੋਰੰਜਨ ਤੱਕ ਸੀਮਤ ਸੀ ਜਾਂ ਫਿਰ ਮਲੂਕ ਚੰਦ ਦੇ ਧਾਰਮਿਕ ਨਾਟਕ ਜਾ ਸੀ.ਪੀ.ਆਈ. ਪੀ.ਐਮ ਦੀਆ ਨਾਟ ਮੰਡਲੀਆਂ ਵੱਲੋ ਮਜਦੂਰਾਂ ਕਿਸਾਨਾਂ ਦੀ ਸਥਿਤੀ ਜਾਂ ਮਸਲਿਆ ਉਪਰ ਓਪੇਰਾ ਕਿਸਮ ਦੀਆ ਪੇਸ਼ਕਾਰੀਆ ਸਨ ਜੋ ਉਸ ਸਮੇਂ ਪ੍ਰਚਲਤ ਗੀਤਾ ਦੀਆ ਤਰਜਾ ਤੇ ਅਧਾਰਤ ਸਨ। ਫਿਲਮ 'ਨਾਨਕ ਨਾਮ ਜਹਾਜ ਹੈ' ਦੀ ਮਕਬੂਲੀਅਤ ਤੋਂ ਬਾਅਦ ਗੁਰਸ਼ਰਨ ਭਾਅ ਜੀ ਨੇ 'ਮਨ ਜੀਤੇ ਜਗ ਜੀਤ' ਫਿਲਮ ਵਿੱਚ ਕ੍ਰੈਕਟਰ ਭੂਮਿਕਾ ਨਿਭਾਈ ਸੀ। ਪਰ ਉਹਨਾਂ ਦੇ ਆਪਣੇ ਸ਼ਬਦਾ 'ਚ ਜਦ ਉਹਨਾਂ ਇਹ ਮਹਿਸੂਸ ਕੀਤਾ ਕਿ ਫਿਲਮ ਉਦਯੋਗ ਅੱਜ ਲੋਕਾਈ ਦੀਆਂ ਹਾਲਤਾਂ ਤੋਂ ਦੂਰ ਹੈ। ਇਸ 'ਚ ਵਪਾਰਕ ਪੱਖ ਭਾਰੂ ਹੋਣ ਕਰਕੇ ਇਹ ਸੇਧ ਦੇਣ 'ਚ ਉਨੀ ਭੂਮਿਕਾ ਨਹੀ ਨਿਭਾ ਸਕਦਾ ਜਿਨਾ ਨਾਟ ਸੰਚਾਰ ਨਿਭਾ ਸਕਦਾ ਹੈ। ਇਸ ਤੋਂ ਬਾਅਦ ਉਹ ਨਾਟ ਕਲਾ ਨੂੰ ਸਮਰਪਿਤ ਰਹੇ। ਬਾਕੀ ਬਲਰਾਜ ਸਾਹਨੀ ਫਿਲਮ ਕਲਾਕਾਰ ਸੀ। ਇਨਕਲਬੀ ਵਿਚਾਰਧਾਰਾ ਦਾ ਦੂਤ ਨਹੀ ਸੀ¢ ਉਜ ਤਾਂ ਬੰਗਾਲੀ ਫਿਲਮ ਕਲਾਕਾਰ ਮਿਥੁਨ ਚੱਕਰਵਰਤੀ ਦੀ ਆਪਣੀ ਜਵਾਨੀ ਸਮੇਂ ਬੰਗਾਲ 'ਚੋ ਉਠੀ 1968 ਦੀ ਲਹਿਰ ਦੇ ਹਮਦਰਦ ਰਹੇ ਸਨ। ਕੀ ਫਿਲਮ ਉਦਯੋਗ ਵਿੱਚ ਆ ਕੇ ਕੋਈ ਲੋਕ ਪੱਖੀ ਭੂਮਿਕਾ ਨਿਭਾਈ, ਲੂਣ ਦੀ ਖਾਣ ਵਿੱਚ ਲੂਣ ਹੋਕੇ ਰਹਿ ਗਏ। ਅੱਜ ਭਾਅ ਜੀ ਦੀ ਸੋਚ ਪ੍ਰਤੀ - ਪ੍ਰਤੀਬੱਧ ਕਲਾਕਾਰ, ਨਾਟਮੰਡਲੀਆਂ ਇਸ ਲੱਚਰ ਰੁਝਾਣ ਦਾ ਸ਼ਿਕਾਰ ਹੋ ਕੇ ਰਹਿ ਜਾਣਗੀਆਂ ਤਾਂ ਉਹ ਦੋ ਬੇੜੀਆ ਦੇ ਸਵਾਰ ਵਾਗ ਨਾ ਤਾਂ ਬਲਰਾਜ ਸਾਹਨੀ ਬਣ ਸਕਣਗੇ ਅਤੇ ਨਾ ਹੀ ਲੋਕ ਹਿਤਾ ਨੂੰ ਸਮਰਪਤ ਨਾਟ ਕਲਾ 'ਚ ਵਾਧਾ ਕਰ ਸਕਣਗੇ। ਜਿਵੇਂ ਚੰਨ ਤਾਰਿਆਂ 'ਚ ਹੀ ਸਜਦਾ ਹੈ। ਉਸੇ ਤਰ੍ਹਾਂ ਇਹ ਨਾਟ ਮੰਡਲੀਆਂ ਇਨਕਲਾਬੀ ਕਾਰਜ ਵਿੱਚ ਹੀ ਸਜਦੀਆਂ ਹਨ। ਭਾਅ ਜੀ ਦੇ ਮੋਢਿਆ ਤੇ ਭਗਤ ਸਿੰਘ ਦੀ ਸੋਚ ਦੇ ਸੂਹੇ ਸੂਰਜ ਦੀ ਜ਼ੁੰਮੇਵਾਰੀ ਸੀ। ਭਾਅ ਜੀ ਦੀਆਂ ਸਿਰਜੀਆਂ ਨਾਟ ਮੰਡਲੀਆਂ ਤੇ ਭਗਤ ਸਿੰਘ ਦੇ ਇਨਕਲਾਬੀ ਕਾਰਜ ਦੇ ਨਾਲ ਨਾਲ ਭਾਅ ਜੀ ਦੀ ਸੋਚ ਦਾ ਕਾਰਜ ਵੀ ਹੈ। ਉਹਨਾਂ ਦੇ ਸਿਰਜੇ ਕਲਾਕਾਰਾਂ ਵੱਲੋਂ ਫੋਕੀ ਸ਼ੋਹਰਤ ਲਈ ਹਲਕੀ ਕਿਸਮ ਦੇ ਫਿਲਮੀ ਮਸੁਖਰਿਆ ਨਾਲ ਖੜ ਜਾਣਾ ਇੰਜ ਲੱਗਦੇ ਜਿਵੇ ਕੋਈ ਸੂਰਮਾ ਮਨੁੱਖ ਹੀਜੜਿਆਂ ਦੀ ਡੱਫ ਵਜਾਉਣ ਲੱਗ ਪਵੇ।

ਦੂਜੇ ਪਾਸੇ ਫਿਲਮ ਸਨਅਤ ਦਾ ਓਮਪੁਰੀ ਵਰਗਾ ਕਲਾਕਾਰ ਉਤਰਾਚਲ ਦੇ ਜੰਮੂਲਾ 'ਚ ਚੱਲ ਰਹੀ ਹਥਿਆਰਬੰਦ ਲਹਿਰ ਨੂੰ ਸਿਨੇਮਾ ਦੇ ਪਰਦੇ ਉਪਰ "ਚੱਕਰਵਿਊ" ਫਿਲਮ ਰਾਹੀ ਪੇਸ਼ ਕਰ ਚੁੱਕਾ ਹੈ। "ਦਾ ਨਕਸਲਾਈਟ" ਫਿਲਮ ਵੀ ਆ ਚੁੱਕੀ ਹੈ। ਜਦ ਕਿ ਪੰਜਾਬ ਵਿੱਚ ਇਨਕਲਾਬੀ ਨਾਟ ਮੰਡਲੀਆਂ ਦੇ ਕਲਾਕਾਰ ਹੋਛੀ ਕਿਸਮ ਦੀਆਂ ਪੰਜਾਬੀ ਫਿਲਮਾ ਵੱਲ ਭੱਜ ਰਹੇ ਹਨ। ਨਾਟ ਮੰਡਲੀ ਦੇ ਜੋ ਕਲਾਕਾਰ ਸਿਨੇਮਾ ਸਕਰੀਨ ਰਾਹੀ ਹੋਛੀ ਮਕਬੂਲੀਅਤ ਹਾਸਲ ਕਰਨ ਲਈ ਲੱਚਰ ਵਰਤਾਰੇ ਨਾਲ ਬਲਗਗੀਰ ਹੋਣ ਲਈ ਤਤਪਰ ਹਨ। ਸਵਾਲ ਉੱਠਦਾ ਹੈ ਕਿ ਕੀ ਉਹਨਾਂ ਦੀ ਜ਼ਮੀਰ ਅਜਿਹਾ ਕਰਦੇ ਸਮੇਂ ਗੁਰਸ਼ਰਨ ਭਾਅ ਜੀ ਦੇ ਬਜ਼ੁਰਗ ਹੱਥਾਂ ਦੇ ਅਸ਼ੀਰਵਾਦ ਦੀ ਛੋਹ ਨੂੰ ਮਹਿਸੂਸ ਨਹੀਂ ਕੀਤਾ? ਕੀ ਭਾਅ ਜੀ ਦਾ ਅਸ਼ੀਰਵਾਦ ਉਹਨਾਂ ਦੀ ਇਨਕਲਾਬੀ ਵਿਰਾਸਤ ਪ੍ਰਤੀ ਪ੍ਰਤੀਬੱਧਤਾ ਉਸਦੇ ਸਿਰਜੇ ਕਲਾਕਾਰਾਂ ਲਈ ਲੱਚਰ ਵਰਤਾਰੇ ਨਾਲੋਂ ਹਲਕੀ ਹੈ? ਕੀ ਇਹ ਵਰਤਾਰਾ ਫਨਿੰਦਰ ਘੋਸ਼, ਜੈ-ਗੋਪਾਲ ਵਰਗੇ ਚੇਹਰਿਆ ਵੱਲੋਂ ਭਗਤ ਸਿੰਘ ਹੋਰਾ ਨਾਲ ਕੀਤੀ ਗੱਦਾਰੀ ਨਹੀਂ ਹੈ। ਫਰਜ਼ ਕਰੋ ਜੇ ਭਾਅ ਜੀ ਵੱਲੋਂ ਬਣਾਈ ਕਿਸੇ ਨਾਟ ਮੰਡਲੀ ਦੇ ਕਲਾਕਾਰ ਨੂੰ ਲੱਚਰ ਫਿਲਮਾਂ ਵਿੱਚ ਕਿਸੇ ਭੂਮਿਕਾ ਲਈ ਸਰਕਾਰ ਵੱਲੋਂ ਜਾ ਪ੍ਰਾਈਵੇਟ ਚੈਨਲ ਵੱਲੋਂ ਕੋਈ ਇਨਾਮ ਮਿਲ ਜਾਦਾ ਹੈ ਤਾਂ ਕੀ ਇਹ ਇਨਾਮ ਭਾਅ ਜੀ ਦੀ ਸੋਚ ਦੇ ਉਲਟ ਭੁਗਤ ਕੇ ਜੈ-ਜੋਪਾਲ ਵਰਗਿਆਂ ਨੂੰ ਮਿਲੇ ਇਨਾਮ ਵਰਗਾ ਨਹੀ ਹੋਵੇਗਾ? ਕੀ ਭਾਅ ਜੀ ਵੱਲੋਂ 'ਮਸ਼ਾਲਾ ਬਾਲ ਕੇ ਚੱਲਣ ਜਦੋਂ ਤੱਕ ਰਾਤ ਬਾਕੀ ਹੈ' ਦੇ ਤਰਾਨੇ ਤੇ ਤਾਲ ਦੇਣ ਵਾਲੇ ਕੁਝ ਕੋਕੜੂ ਕਿਸਮ ਦੇ ਕਲਾਕਾਰਾਂ ਲਈ ਕਿਸੇ ਚਾਲੂ ਕਿਸਮ ਦੇ ਲੱਚਰ ਕਲਾਕਾਰ ਦੇ ਚਾਲੂ ਕਿਸਮ ਦੇ ਗੀਤ ਦੀ ਵੀਡੀਓ ਵਿਚ ਸ਼ਕਲ ਦਿਖਾਉਣੀ ਭਾਅ ਜੀ ਦੇ ਪਵਿੱਤਰ ਕਾਜ ਨਾਲ, ਭਗਤ ਸਿੰਘ ਦੀ ਤਸਵੀਰ ਅੱਗੇ ਖੜ ਕੇ ਖਾਧੀਆਂ ਕਸਮਾਂ ਨਾਲ, ਗੁਰਸ਼ਰਨ ਬਾਅ ਜੀ ਦੇ ਤੁਰ ਜਾਣ ਪਿਛੋਂ ਉਸ ਦੀ ਤਸਵੀਰ ਅੱਗੇ ਕਲਾ ਨੂੰ ਮਿਹਨਤਕਸ਼ ਲੋਕਾਂ ਲਈ ਅਰਪਤ ਕਰਨ ਦੇ ਕਾਜ ਨਾਲ ਕੀ ਇਹ ਗਦਾਰੀ ਹੈ ਜਾਂ ਵਫਾਦਾਰੀ ਹੈ? ਕੰਨਾਂ ਵਿੱਚ ਰਾਤਾਂ ਦੇ ਸਨਾਟਿਆਂ ਨੂੰ ਚੀਰਦੀ ਆਵਾਜ਼ ਮੰਚ ਤੋਂ ਕੰਨਾਂ ਵਿੱਚ ਗਰਜੀ, ਗਰਜਦੀ ਹੈ "ਗਾਂਧੀ ਨੇ ਕਿਹਾ ਸ਼ਾਂਤੀ, ਸ਼ਾਂਤੀ, ਸ਼ਾਂਤੀ - ਭਗਤ ਸਿੰਘ ਨੇ ਕਿਹਾ - ਨਹੀਂ...ਗਾਂਧੀ ਜੀ ਕ੍ਰਾਂਤੀ ਕ੍ਰਾਂਤੀ ਕ੍ਰਾਂਤੀ..." ਉਸੇ ਤਰ੍ਹਾਂ ਉਨਾਂ ਦੀਆਂ ਨਾਟਕ ਮੰਡਲੀਆਂ ਦੇ ਕੁੱਝ ਕਲਾਕਾਰਾਂ ਵੱਲੋਂ ਪਸ਼ੂਆਂ ਦੇ ਦੂਜੇ ਦੀ ਖੁਰਲੀ 'ਚ ਮੂੰਹ ਮਾਰਨ ਦੀ ਆਦਤ ਉਪਰ ਇਹਨਾਂ ਕਲਾਕਾਰਾਂ ਦੇ ਦੋਗਲੇ ਕਿਰਦਾਰ ਤੇ ਭਾਅ ਜੀ ਦੀ ਰੂਹ ਕੂਕਦੀ ਹੈ ਤੇ ਪੁਕਾਰਦੀ ਹੈ ਐ "ਮੇਰੇ ਲੋਗੋ ਲੋਕ ਪੱਖੀ ਕਲਾ ਹੁੰਦੀ ਹੈ ਲੋਕ ਸੰਗਰਾਮਾਂ ਲਈ, ਲੋਕ ਮੁਕਤੀ ਲਈ, ਇਹ ਹੁੰਦੀ ਐ ਲੋਕ ਇਲਮਾਂ ਲਈ, ਇਲਮਾਂ ਲਈ" ਭਾਅ ਜੀ ਦੀ ਇਸ ਪੁਕਾਰ ਤੇ ਜਿਵੇਂ ਇਹਨਾਂ ਕਲਾਕਾਰਾਂਦਾ ਨਿਭਾਇਆ ਜਾ ਰਿਹਾ ਅਮਲ ਇਹ ਕਹਿੰਦਾ ਪ੍ਰਤੀਤ ਹੁੰਦਾ ਹੈ "ਨਹੀਂ ਭਾਅ ਜੀ - ਸਾਡੀ ਕਲਾ ਦਾ ਹੁਣ ਕੁਝ ਹਿੱਸਾ ਰਾਖਵਾਂ ਦੇ ਲੱਚਰ ਫਿਲਮਾਂ ਲਈ-ਲੱਚਰ ਫਿਲਮਾਂ ਲਈ।"

ਗੁਰਸ਼ਰਨ ਭਾਅ ਜੀ ਨੇ ਆਪਣੀ ਵਿਰਾਸ਼ਤ ਨਾਟ ਮੰਡਲੀਆਂ ਉਪਰ ਲੋਕਾਈ ਪ੍ਰਤੀ ਗੰਭੀਰ ਅਤੇ ਸੰਜੀਦਗੀ ਭਰਪੂਰ ਚੁਣੌਤੀਆ ਦੀਆਂ ਜ਼ੁੰਮੇਵਾਰੀਆ ਆਇਦ ਕੀਤੀਆਂ ਹਨ। ਭਾਅ ਜੀ ਅਨੁਸਾਰ ਨਾਟ ਕਲਾ ਹੈ ਇਨਕਲਾਬੀ ਫਲਸਫਾ ਮਹਿਜ ਸਹੁਜ ਤ੍ਰਿਪ੍ਤੀ ਜਾ ਮਨੋਰੰਜਨ ਨਹੀਂ ਸਗੋ ਲੋਕ ਪੱਖੀ ਚੇਤਨਾ ਤੇ ਸੰਗਰਾਮਾ ਦਾ ਸੰਚਾਰ ਕਰਨਾ ਹੈ। ਜੇ ਭਾਅ ਜੀ ਨੇ ਅੱਧੀ ਸਦੀ ਤੋਂ ਵੱਧ ਸਮਾਂ ਭਗਤ ਸਿੰਘ ਦੀ ਵਿਚਾਰਧਾਰਾ ਨਾਲ ਸੰਵਾਦ ਰਚਾਇਆਂ ਹੈ ਤੇ ਅਨੇਕਾ ਨਾਟ-ਮੰਡਲੀਆ ਉਪਰ ਆਪਣੀ ਸੋਚ ਦੇ ਸੰਚਾਰ ਦੀ ਜ਼ੁੰਮੇਵਾਰੀ ਦਾ ਭਾਰ ਪਾਇਆ ਹੈ ਤਾਂ ਜੋ ਨਾਟ ਮੰਡਲੀਆਂ ਆਉਣ ਵਾਲੇ ਕਈ ਦਹਾਕਿਆ ਤੱਕ ਇਹ ਜ਼ੁੰਮੇਵਾਰੀ ਲੈ ਕੇ ਤੁਰਨ। ਇਹ ਨਾਟ ਮੰਡਲੀਆਂ ਦੀ ਇਤਿਹਾਸਕ ਜ਼ੁੰਮੇਵਾਰੀ ਦਾ ਕਾਰਜ ਹੈ ਜੋ ਉਹਨਾਂ ਨੇ ਕਰਨਾ ਹੈ।

ਭਗਤ ਸਿੰਘ ਅਤੇ ਭਾਅ ਜੀ ਕੁਰਾਹੇ ਪੈ ਰਹੇ ਇਨ੍ਹਾਂ ਕਲਾਕਾਰਾਂ ਦੇ ਕਿਰਦਾਰਾ ਤੇ ਅੱਥਰੂ ਵਹਾ ਰਹੇ ਹਨ। ਬਿਲਕੁਲ ਉਸੇ ਤਰ੍ਹਾਂ ਜਿਵੇਂ ਭਾਅ ਜੀ ਨੇ ਇਸ ਅਖੌਤੀ ਆਜ਼ਾਦੀ ਦੇ ਮੰਜਰ ਤੱਕ ਕੇ ਵਹਾਏ ਸਨ। ਉਹ ਅੱਥਰੂ ਅੱਜ ਕਹਿ ਰਹੇ ਹਨ ਆਓ ਇਹਨਾਂ ਨੂੰ ਪੂੰਝਣ ਲਈ ਸੰਗਰਾਮੀ ਹੱਥ ਅੱਗੇ ਵਧਾਈਏ।